ਡਾਇਰੈਕਟਰ ਰਾਜ ਵਿਦਿਅਕ,ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ
ਛੇਵੀਂ ਮੰਜਿਲ,ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ਫੇਜ਼-8, ਐਸ.ਏ.ਐਸ.ਨਗਰ
ਫੋਨ ਨੰਬਰ +:91-0172-2212221 Email-directorscert@punjabeducation.gov.in

ਨੰ. ਐਸ.ਸੀ.ਈ.ਆ.ਟੀ/ਮਿਸ਼ਨ 100%/2023/2 ਮਿਤੀ: 06-12-2022

## ਮਿਸ਼ਨ 100%: ਗਿਵ ਯੂਅਰ ਬੈਸਟ

ਸਕੂਲ ਸਿੱਖਿਆ ਵਿਭਾਗ, ਪੰਜਾਬ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਫਰਵਰੀ/ ਮਾਰਚ-2023 ਵਿੱਚ ਹੋਣ ਵਾਲੀਆਂ ਆਗਾਮੀ ਪ੍ਰੀਖਿਆਵਾਂ ਵਿੱਚ 8ਵੀਂ, 10ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਦੇ ਬੋਰਡ ਦੇ ਪੇਪਰਾਂ ਵਿੱਚ ਕਾਰਗੁਜ਼ਾਰੀ ਬਿਹਤਰ ਕਰਨ ਦੇ ਮੁੱਖ ਉਦੇਸ਼ ਨਾਲ "ਮਿਸ਼ਨ 100%: ਗਿਵ ਯੂਅਰ ਬੈਸਟ" ਮੁਹਿੰਮ ਦਾ ਆਗਾਜ਼ ਕੀਤਾ ਗਿਆ ਹੈ। ਸਿੱਖਿਆ ਵਿਭਾਗ ਵਿੱਚ ਵੱਖ-ਵੱਖ ਪੱਧਰਾਂ ਤੇ ਕੰਮ ਕਰ ਰਹੇ ਸਿੱਖਿਆ ਅਧਿਕਾਰੀਆਂ ਤੋਂ ਇਲਾਵਾ ਸਕੂਲ ਮੁੱਖੀਆਂ, ਅਧਿਆਪਕਾਂ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੇ ਸਮੂਹਿਕ ਯਤਨਾਂ ਨਾਲ ਬੋਰਡ ਦੇ ਇਮਤਿਹਾਨਾਂ ਵਿੱਚ 100% ਪਾਸ ਪ੍ਰਤੀਸ਼ਤਤਾ ਨੂੰ ਇੱਕ ਯੋਜਨਾਬੱਧ ਤਰੀਕੇ ਨਾਲ ਪ੍ਰਾਪਤ ਕਰਨ ਲਈ ਇੱਕ ਮਿਸ਼ਨ ਦੇ ਰੂਪ ਵਿੱਚ ਚਲਾਇਆ ਗਿਆ ਹੈ। ਇਹ ਮਿਸ਼ਨ ਸਾਡੇ ਮਾਣਯੋਗ ਸਕੂਲ ਸਿੱਖਿਆ ਮੰਤਰੀ ਜੀ ਦੇ ਦਿਮਾਗ ਦੀ ਉਪਜ ਹੈ ਅਤੇ ਉਨ੍ਹਾਂ ਵੱਲੋਂ ਇਸ ਪ੍ਰੋਗਰਾਮ ਦਾ ਆਗਾਜ਼ ਮਿਤੀ 3.12.2022 ਨੂੰ ਕੀਤਾ ਗਿਆ। ਆਗਾਜ਼ ਸਮੇਂ ਉਨ੍ਹਾਂ ਨੇ ਐਜੂਸੈਟ ਰਾਹੀਂ ਅਧਿਆਪਕ ਭਾਈਚਾਰੇ ਦੇ ਨਾਲ ਸਕੂਲੀ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ਅਤੇ ਪ੍ਰੋਗਰਾਮ ਦੇ ਵੇਰਵੇ ਸਾਂਝੇ ਕੀਤੇ ਅਤੇ ਉਨ੍ਹਾਂ ਨੂੰ ਇਸ ਪ੍ਰੋਗਰਾਮ ਦੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਇਸ ਪ੍ਰੋਗਰਾਮ ਨੂੰ ਮਿਸ਼ਨ ਮੋਡ ਵਿੱਚ ਸੁਚਾਰੂ ਢੰਗ, ਯੋਜਨਾਬੱਧ ਅਤੇ ਸਮਾਂ ਬੱਧ ਤਰੀਕੇ ਨਾਲ ਪੂਰਾ ਕਰਨ ਲਈ ਐਸ.ਓ.ਪੀ. ਤਿਆਰ ਕੀਤਾ ਗਿਆ ਹੈ, ਜੋ ਕਿ ਨਾਲ ਨੱਥੀ ਹੈ।

6/12/22

ਡਾਇਰੈਕਟਰ
ਐਸ.ਸੀ.ਈ.ਆਰ.ਟੀ., ਪੰਜਾਬ।

## ਸਟੈਂਡਰਡ ਓਪਰੇਟਿੰਗ ਪ੍ਰੋਸੀਜ਼ਰ (ਐਸ.ਓ.ਪੀ.)

### 1. ਜਨਰਲ

- ਸਟੇਟ ਨੋਡਲ ਅਫ਼ਸਰ - ਜ਼ਿਲ੍ਹਾ ਨੋਡਲ ਅਫ਼ਸਰ (ਜ਼ਿਲ੍ਹਾ ਸਿੱਖਿਆ ਅਫਸਰ, ਸੈ.ਸਿੱ) - ਬਲਾਕ ਨੋਡਲ ਅਫ਼ਸਰ (ਬੀ.ਐਨ.ਓ) - ਸਕੂਲ ਨੋਡਲ ਅਫ਼ਸਰ (ਸਕੂਲ ਮੁਖੀ/ਇੰਚਾਰਜ)
- ਬੋਰਡ ਦੀਆਂ ਜਮਾਤਾਂ (8ਵੀਂ/10ਵੀਂ/12ਵੀਂ ਜਮਾਤਾਂ) ਦੇ ਵਿਦਿਆਰਥੀਆਂ ਦਾ ਉਹਨਾਂ ਦੀ ਪ੍ਰਾਪਤੀ ਦੇ ਪੱਧਰ ਅਨੁਸਾਰ ਵਰਗੀਕਰਨਕਰਨਾ।
- 80% ਤੋਂ ਵੱਧ ਅੰਕ: ਡਾ ਏ.ਪੀ.ਜੇ ਅਬਦੁਲ ਕਲਾਮ ਗਰੁੱਪ
- 40% ਤੋਂ 80% ਅੰਕਾਂ ਦੇ ਵਿਚਕਾਰ: ਡਾ ਹਰਗੋਬਿੰਦ ਖੁਰਾਣਾ ਗਰੁੱਪ
- 40% ਤੋਂ ਘੱਟ ਅੰਕ: ਅਲਬਰਟ ਆਈਨਸਟਾਈਨ ਗਰੁੱਪ

### 2. ਰਾਜ ਪੱਧਰ

- ਵਿਦਿਆਰਥੀਆਂ ਲਈ ਰੋਜ਼ਾਨਾਪ੍ਰਣ।
- ਰੋਜ਼ਾਨਾ ਕਾਊਂਟਡਾਊਨ ਪੋਸਟਰ।
- ਵਿਦਿਆਰਥੀਆਂ ਦੇ ਪ੍ਰਾਪਤੀ ਰਿਕਾਰਡ ਦਾ ਡਾਟਾ ਇਕੱਤਰ ਕਰਨਾ ਅਤੇ ਇਸ ਦਾ ਵਿਸ਼ਲੇਸ਼ਣ ਕਰਨਾ।
- ਮਹਾਨ/ਸਫਲ ਸ਼ਖਸੀਅਤਾਂ ਦੀਆਂ ਛੋਟੀਆਂ ਪ੍ਰੇਰਣਾਦਾਇਕ ਜੀਵਨੀਆਂ, ਵੀਡੀਓਜ਼, ਆਡੀਓਜ਼, ਆਦਿ ਦੀ ਸਿਰਜਣਾ ਕਰਨਾ।
- ਵਿਦਿਆਰਥੀਆਂ ਲਈ ਵਿਸ਼ੇਸ਼ ਅਧਿਐਨ ਸਮੱਗਰੀ, ਆਡੀਓਜ਼, ਵੀਡੀਓਜ਼ ਆਦਿ ਦੀ ਤਿਆਰੀ ਅਤੇ ਇਸਦੀ ਵੰਡ ਅਤੇ ਆਨਲਾਈਨ ਸ਼ੰਕਾ ਨਿਵਾਰਣ ਸੈਸ਼ਨ ਕਰਨਾ।
- ਆਈਨਸਟਾਈਨ ਸਮੂਹ ਲਈ ਸਰਲ ਅਧਿਐਨ ਸਮੱਗਰੀ ਅਤੇ ਅਨੰਦਮਈ ਵੀਡੀਓ ਤਿਆਰ ਕਰਨਾ।
- ਪ੍ਰੀਖਿਆ ਪੈਟਰਨ ਬਾਰੇ ਅਧਿਆਪਕਾਂ ਨਾਲ ਆਨਲਾਈਨ ਚਰਚਾ ਕਰਨਾ।

- ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਆਨਲਾਈਨ/ਐਜੂਸੈੱਟ ਮਾਧਿਅਮ ਰਾਹੀਂ ਪ੍ਰੇਰਣਾਦਾਇਕ ਭਾਸ਼ਣ ਕਰਵਾਉਣੇ।
- ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਆਨਲਾਈਨ/ ਐਜੂਸੈੱਟ ਮਾਧਿਅਮ ਰਾਹੀਂ ਤਣਾਅ ਮੁਕਤ ਸੈਸ਼ਨ ਕਰਵਾਉਣੇ।
- ਅਧਿਆਪਕਾਂ ਨੂੰ ਉਨ੍ਹਾਂ ਦੇ ਚੰਗੇ ਕੰਮ ਦੀ ਮਾਨਤਾ ਦੇਣ ਲਈ ਪ੍ਰੰਸਸਾ ਪੱਤਰ ਦੇਣੇ।
- ਜ਼ਿਲ੍ਹਾ ਸਿੱਖਿਆ ਅਫਸਰਾਂ (ਸੈ.ਸਿੱ.), ਡਾਇਟ ਪ੍ਰਿੰਸੀਪਲਾਂ, ਈਵੈਲੂਏਅਸ਼ਨ ਐਂਡ ਸਪੋਰਟ ਟੀਮਾਂ ਅਤੇ ਵਿਭਾਗੀ ਅਕਾਦਮਿਕ ਟੀਮਾਂ ਦੀਆਂ ਆਨਲਾਈਨ/ਆਹਮੋ- ਸਾਹਮਣੇ ਹਫਤਾਵਾਰੀ ਰਿਵਿਊ ਮੀਟਿੰਗਾਂ ਕਰਨਾ।
- ਸਕੂਲਾਂ ਵਿੱਚ ਵਿਭਾਗੀ ਅਧਿਕਾਰੀਆਂ ਦੇ ਦੌਰੇ।
- ਬੈਸਟ ਪ੍ਰੈਕਟਿਸਜ਼ ਨੂੰ ਸਾਂਝਾ ਕਰਨਾ।
- ਮੈਰਿਟ ਵਾਲੇ ਵਿਦਿਆਰਥੀਆਂ ਦੀ ਐਜੂਸੈਟ ਰਾਹੀਂ ਇੰਟਰਵਿਊ ਕਰਵਾਉਣਾ।
- ਅਧਿਆਪਕਾਂ ਦੀਆਂ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਜਾਂ ਕਿਸੇ ਹੋਰ ਮਾਧਿਅਮ ਰਾਹੀਂ ਪ੍ਰਾਪਤ ਸਮੱਸਿਆਵਾਂ ਦਾ ਜ਼ਿਲ੍ਹਾ ਨੋਡਲ ਅਫਸਰਾਂ ਦੀ ਸਹਾਇਤਾ ਨਾਲ ਨਿਵਾਰਣ ਕਰਵਾਉਣਾ।

### 3. ਜ਼ਿਲ੍ਹਾ ਪੱਧਰ

- ਡਾਇਟ ਪ੍ਰਿੰਸੀਪਲਾਂ ਦੀ ਨਿਗਰਾਨੀ ਹੇਠ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦਾ ਰਿਕਾਰਡ ਇਕੱਤਰ ਕਰਨਾ ਅਤੇ ਇਸ ਦਾ ਵਿਸ਼ਲੇਸ਼ਣ ਕਰਨਾ।
- ਮਿਸ਼ਨ 100%: ਗਿਵ ਯੂਅਰ ਬੈਸਟ ਲਈ ਜ਼ਿਲ੍ਹਾ ਪੱਧਰ ਤੇ ਯੋਜਨਾਬੰਦੀ ਕਰਨਾ।
- ਅਧਿਆਪਕਾਂ ਨਾਲ ਅਧਿਐਨ ਸਮੱਗਰੀ ਦੀ ਸਾਂਝ/ਵੰਡ ਕਰਨਾ।
- ਅਧਿਆਪਕਾਂ ਦੀਆਂ ਸਮੱਸਿਆਵਾਂ ਨੂੰ ਉਨ੍ਹਾਂ ਦੇ ਜਲਦੀ ਹੱਲ ਲਈ ਜ਼ਿਲ੍ਹਾ ਨੋਡਲ ਅਫ਼ਸਰਾਂ ਨਾਲ ਸਾਂਝਾ ਕਰਨਾ।
- ਜ਼ਿਲ੍ਹਾ ਪੱਧਰ 'ਤੇ ਹੁਸ਼ਿਆਰ ਵਿਦਿਆਰਥੀਆਂ ਲਈ ਰਿਹਾਇਸ਼ੀ ਇੰਨਟੇਨਸਿਵ ਕੋਚਿੰਗ ਦਾ ਪ੍ਰਬੰਧ ਕਰਨਾ।

- ਡੀ.ਐਮ., ਬੀ.ਐੱਮ., ਅਤੇ ਵਾਧੂ ਅਧਿਆਪਕਾਂ ਦੀ ਸਟਾਫ ਦੀ ਭਾਰੀ ਘਾਟ ਵਾਲੇ ਸਕੂਲਾਂ ਵਿੱਚ ਆਰਜੀ ਤੈਨਾਤੀ।
- ਪ੍ਰਿੰਸੀਪਲ ਡਾਇਟ ਦੀ ਨਿਗਰਾਨੀ ਹੇਠ ਡੀ.ਐਮ., ਬੀ.ਐੱਮ., ਜਾਂ ਵਾਧੂ ਅਧਿਆਪਕਾਂ ਦੀ ਸਟਾਫ ਦੀ ਭਾਰੀ ਘਾਟ ਵਾਲੇ ਸਕੂਲਾਂ ਵਿੱਚ ਦਿਨ ਦੀ ਡਿਊਟੀ ਦਾ ਪੂਰਾ ਸਮਾਂ ਹਾਜ਼ਰੀ ਯਕੀਨੀ ਬਣਾਉਣਾ।
- ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਦੁਆਰਾ ਇਨ੍ਹਾਂ ਦੀ ਸਕੂਲਾਂ ਵਿੱਚ ਪੂਰੇ ਸਮੇਂ ਲਈ ਮੌਜੂਦਗੀ ਨੂੰ ਡਬਲ ਕਰਾਸ ਚੈੱਕ ਕਰਨਾ।
- ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਅਤੇ ਪ੍ਰਿੰਸੀਪਲ ਡਾਇਟ ਦੁਆਰਾ ਸਕੂਲਾਂ ਵਿੱਚ ਨਿੱਜੀ ਦੌਰੇ ਕਰਨਾ।
- ਜ਼ਿਲ੍ਹਾ ਪੱਧਰ 'ਤੇ ਅਧਿਆਪਕਾ ਲਈ ਪ੍ਰੇਰਣਾਤਮਕ ਸੈਸ਼ਨ ਕਰਨੇ।
- ਟੀਮਾਂ, ਪੀ.ਡੀ.ਐਮਜ਼, ਸਕੂਲ ਮੁੱਖੀਆਂ, ਡੀ.ਆਰ.ਪੀਜ਼, ਡੀ.ਐਮਜ਼, ਬੀ.ਐਮਜ਼ ਆਦਿ ਨਾਲ ਹਫਤਾਵਾਰੀ ਰਿਵਿਊ ਮੀਟਿੰਗਾਂ ਕਰਨਾ।

**4. ਬਲਾਕ ਪੱਧਰ**

- ਡਾਟਾ ਇਕੱਤਰ ਕਰਨਾ, ਵਿਸ਼ਲੇਸ਼ਣ ਕਰਨਾ ਅਤੇ ਬਲਾਕ ਪੱਧਰੀ ਯੋਜਨਾ ਤਿਆਰ ਕਰਨਾ।
- ਸਕੂਲਾਂ ਨਾਲ ਅਧਿਐਨ ਸਮੱਗਰੀ ਨੂੰ ਸਾਂਝਾ ਕਰਨਾ/ਵੰਡਣਾ।
- ਬਲਾਕ ਵਿੱਚ ਬੀ.ਐਮ., ਸਰਪਲੱਸ ਅਧਿਆਪਕਾਂ ਨੂੰ ਸਟਾਫ ਦੀ ਭਾਰੀ ਘਾਟ ਵਾਲੇ ਸਕੂਲਾਂ ਵਿੱਚ ਆਰਜੀ ਤੌਰ ਤੇ ਤੈਨਾਤ ਕਰਨਾ।
- ਹਫਤਾਵਾਰੀ ਰਿਵਿਊ ਮੀਟਿੰਗਾਂ ਕਰਨਾ।

**5. ਸਕੂਲ ਪੱਧਰ**

- ਡਾਟਾ ਇਕੱਤਰ ਕਰਨਾ ਅਤੇ ਵਿਸ਼ਲੇਸ਼ਣ ਕਰਨਾ।
- ਵਿਦਿਆਰਥੀਆਂ ਦੀ ਅਲਬਰਟ ਆਈਨਸਟਾਈਨ, ਡਾ. ਹਰਗੋਬਿੰਦ ਖੁਰਾਣਾ ਅਤੇ ਡਾ. ਏ.ਪੀ.ਜੇ. ਅਬਦੁਲ ਕਲਾਮ ਗਰੁੱਪ ਵਿੱਚ ਵੰਡ ਕਰਨਾ ਅਤੇ ਪੜ੍ਹਨ, ਲਿਖਣ ਵਿੱਚ ਬਹੁੱਤ ਕਮਜੋਰ ਵਿਦਿਆਰਥੀਆਂ ਦੀ ਪਹਿਚਾਣ ਕਰਨਾਅਤੇ ਲੋੜ ਅਨੁਸਾਰ ਉਨ੍ਹਾਂ ਵੱਲ ਜ਼ਿਆਦਾ ਧਿਆਨ ਦੇਣਾ।

- ਸਕੂਲ ਪੱਧਰ ਦੀ ਮਾਈਕਰੋ ਪਲਾਨਿੰਗ ਕਰਨਾ, ਜੋ ਕਿ ਹਰ ਇੱਕ ਸਕੂਲ ਮੁਖੀ ਦੇ ਟੇਬਲ ਤੇ ਵਿਦਿਆਰਥੀਆਂ ਦੀ ਪ੍ਰਾਪਤੀ ਦੇ ਡਾਟਾ ਅਤੇ ਨਾਮ ਸਮੇਤ ਹੋਵੇ।
- ਸਵੇਰ ਦੀ ਅਸੈਂਬਲੀ ਦੌਰਾਨ ਪ੍ਰਣ।
- ਵਿਦਿਆਰਥੀਆਂ ਨੂੰ ਪ੍ਰੇਰਣਾ: ਲੈਕਚਰ, ਪ੍ਰੰਸਸਾ ਪੱਤਰ, ਕਿਤਾਬ, ਪੈੱਨ, ਫੁੱਲ, ਬੈਜ਼ ਆਦਿ ਦੇ ਕੇ ਪ੍ਰੰਸਸਾ ਕਰਨਾ।
- ਨਿਯਮਿਤ ਹਾਜ਼ਰੀ, ਪੜ੍ਹਾਈ ਜਾਂ ਕਿਸੇ ਵੀ ਹੋਰ ਖੇਤਰ ਵਿੱਚ ਚੰਗਾ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਲਈ ਸਵੇਰ ਦੀ ਸਭਾ ਵਿੱਚ ਤਾੜੀਆ ਵਜਵਾਉਣਾ।
- ਵਿਦਿਆਰਥੀਆਂ ਨੂੰ ਜਲਦੀ ਜਾਗਣ ਦੀ ਕਾਲ ਦੇਣਾ।
- ਵਿਦਿਆਰਥੀਆਂ ਨੂੰ ਪ੍ਰੇਰਣਾਦਾਇਕ ਸੰਦੇਸ਼ ਭੇਜਣਾ।
- ਵਿਦਿਆਰਥੀ ਦੀ ਅਕਾਦਮਿਕ ਕਾਰਗੁਜ਼ਾਰੀ ਵਿੱਚ ਪ੍ਰਗਤੀ ਲਈ ਕਮਿਊਨਿਟੀ ਅਤੇ ਮਾਪਿਆਂ ਨਾਲ ਗੱਲ ਕਰਨਾ/ਸੰਪਰਕ ਕਰਨਾ/ਵਟਸਐਪ ਕਰਨਾ, ਸਕੂਲ ਵਿੱਚ ਵਿਦਿਆਰਥੀਆਂ ਦੀ ਮੌਜੂਦਗੀ ਨੂੰ ਯਕੀਨੀ ਬਣਾਉਣਾ (ਗੈਰ ਹਾਜ਼ਰੀ ਦੀ ਸਥਿਤੀ ਵਿੱਚ) ਅਤੇ ਪਰਿਵਾਰਕ ਪਿਛੋਕੜ ਨੂੰ ਜਾਣ ਕੇ ਵਿਦਿਆਰਥੀ ਦੀ ਪਰਿਵਾਰਕ ਸਮੱਸਿਆ ਨੂੰ ਹੱਲ ਕਰਾਉਣ ਦੀ ਕੋਸ਼ਿਸ਼ ਕਰਨਾ।
- ਅਧਿਆਪਕਾਂ ਦੁਆਰਾ ਵੱਖ-ਵੱਖ ਪ੍ਰਾਪਤੀ ਪੱਧਰਾਂ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਲੋੜਾਂ ਅਨੁਸਾਰ ਵਿਸ਼ੇਸ਼/ਸਰਲ ਵਿੱਦਿਅਕ ਅਧਿਐਨ ਸਮੱਗਰੀ, ਆਨੰਦਮਈ ਵਿਡਿਓਜ਼, ਆਈਓਜ਼ ਆਦਿ ਦੀ ਵੰਡ/ਸਾਂਝ ਅਤੇ ਇਸ ਦੀ ਵਰਤੋ ਨੂੰ ਯਕੀਨੀ ਬਣਾਉਣਾ।
- ਜ਼ੀਰੋ ਪੀਰੀਅਡ, ਸਵੇਰ ਅਤੇ ਸ਼ਾਮ ਨੂੰ ਵਾਧੂ ਕਲਾਸਾਂ ਲਗਾਉਣਾ।
- ਵਿਦਿਆਰਥੀਆਂ ਦੀ ਲੋੜ ਅਨੁਸਾਰ ਸਰਦ ਰੁੱਤ ਸੈਸ਼ਨ/ਕੈਂਪ/ਕਲਾਸਾਂ ਲਗਾਉਣਾ।
- ਪੜ੍ਹਾਈ ਲਈ ਵਿਦਿਆਰਥੀਆਂ ਦੇ ਵੱਟਸਐਪ ਸਮੂਹ ਬਣਾਉਣਾ।
- ਤਿੰਨ ਪ੍ਰਾਪਤੀ ਸਮੂਹਾਂ ਦੇ ਵਿਦਿਆਰਥੀਆਂ ਨੂੰ ਮਿਲਾ ਕੇ ਪੀਅਰ ਲਰਨਿੰਗ ਲਈ ਛੋਟੇ ਬੱਡੀ ਸਮੂਹ ਬਣਾਉਣਾ ਤਾਂ ਜੋ ਇੱਕ ਸਮੂਹ ਦੇ ਵਿਦਿਆਰਥੀ ਪੜ੍ਹਾਈ ਵਿੱਚ ਦੂਜੇ ਦੀ ਮਦਦ ਕਰ ਸਕਣ। ਇਸ ਨਾਲ ਉਨ੍ਹਾਂ ਸਾਰਿਆਂ ਵਿਚ ਆਤਮ-ਵਿਸ਼ਵਾਸ ਪੈਦਾ ਹੋਵੇਗਾ।

- ਆਈ.ਸੀ.ਟੀ. ਦੀ ਪੂਰੀ ਵਰਤੋਂ ਜਿਵੇਂ ਕਿ ਆਈ.ਸੀ.ਟੀ. ਲੈਬ, ਈ-ਲਿਬ, ਪ੍ਰੋਜੈਕਟਰ, ਸਮਾਰਟ ਟੀਵੀ, ਐਜੂਸੈੱਟ ਜਾਂ ਕੋਈ ਹੋਰ ਮਾਧਿਅਮ/ਤਰੀਕਾ, ਜਿਸ ਦਾ ਸਕੂਲ ਵਿਦਿਆਰਥੀਆਂ ਦੀ ਅਕਾਦਮਿਕ ਤਰੱਕੀ ਲਈ ਪ੍ਰਬੰਧ ਕਰ ਸਕਦਾ ਹੋਵੇ।

- ਵਿਦਿਆਰਥੀਆਂ ਨੂੰ ਇਮਤਿਹਾਨ ਲਈ ਪੇਪਰ ਨੂੰ ਕਿਵੇਂ ਹੱਲ ਕਰਨਾ, ਪੇਪਰ ਪੈਟਰਨ ਅਤੇ ਚੰਗੇ ਅੰਕ ਪ੍ਰਾਪਤ ਕਰਨ ਲਈ ਟਿੱਪਸ ਦੇਣਾ।

- ਅਧਿਆਪਕ ਸਕੂਲ ਸਮੇਂ ਤੋਂ ਬਾਅਦ ਵਿਦਿਆਰਥੀਆਂ ਲਈ ਆਨਲਾਈਨ ਉਪਲੱਬਧ ਰਹਿਣਗੇ।

- ਅਧਿਆਪਕਾਂ ਦੁਆਰਾ ਗੈਰ-ਜ਼ਰੂਰੀ ਛੁੱਟੀਆਂ ਤੋਂ ਬਚਣਾ।

- ਹੁਸ਼ਿਆਰ ਵਿਦਿਆਰਥੀਆਂ ਲਈ ਸ਼ੰਕਿਆਂ ਨੂੰ ਦੂਰ ਕਰਨ ਅਤੇ ਕਮਜ਼ੋਰ ਵਿਦਿਆਰਥੀਆਂ ਲਈ ਉਹਨਾਂ ਦੇ ਅਭਿਆਸ ਲਈ ਵਿਸ਼ੇਸ਼ ਸੈਸ਼ਨ ਕਰਵਾਉਣਾ।

- ਡਾ. ਖੁਰਾਣਾ ਗਰੁੱਪ ਦੇ ਵਿਦਿਆਰਥੀਆਂ ਨੂੰ ਨਜ਼ਰਅੰਦਾਜ਼ ਨਾ ਕਰਨਾ, ਉਨ੍ਹਾਂ ਨੂੰ ਸਖਤ ਮਿਹਨਤ ਕਰਵਾਉਣਾ ਤਾਂ ਜੋ ਉਹ ਵੀ ਅਗਲੇ ਪੱਧਰ ਨੂੰ ਪ੍ਰਾਪਤ ਕਰਨ ਸਕਣ।

- ਹਰੇਕ ਵਿਦਿਆਰਥੀ ਲਈ ਪਿਛਲੀ ਪ੍ਰਾਪਤੀ ਨਾਲੋਂ ਘੱਟੋ-ਘੱਟ 10%ਦੇ ਵਾਧੇ ਦਾ ਟੀਚਾ ਨਿਰਧਾਰਤ ਕਰਨਾ।

- 100% ਸਫਲਤਾ ਪ੍ਰਾਪਤ ਕਰਨ ਲਈ ਟੀਚਾ ਨਿਰਧਾਰਤ ਕਰਨਾ: ਸਾਰੇ ਵਿਦਿਆਰਥੀ ਪਾਸ ਹੋਣ, 40% ਤੋਂ 50%, 50% ਤੋਂ 60%, 60% ਤੋਂ 70%, 70% ਤੋਂ 80%, 80% ਤੋਂ 90%, 90%ਤੋਂ 100% ਅੰਕਾਂ ਦੇ ਵਾਧੇ ਦਾ ਟੀਚਾ ਮਿੱਥਣਾ।

- ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਤਣਾਅ ਮੁਕਤ ਅਤੇ ਪ੍ਰੇਰਣਾਦਾਇਕ ਸੈਸ਼ਨਾਂ ਦਾ ਪ੍ਰਬੰਧ ਕਰਨਾ।

- ਕਲੱਸਟਰ ਸਕੂਲ ਮੁੱਖੀ/ਇੰਚਾਰਜ ਆਪਣੇ ਕਲੱਸਟਰ ਸਕੂਲਾਂ ਵਿੱਚ, ਜਿੱਥੇ ਵਿਸ਼ਾ ਅਧਿਆਪਕਾਂ ਦੀ ਘਾਟ ਹੋਵੇ, ਉੱਥੇ ਅਧਿਆਪਕਾਂ ਨੂੰ ਭੇਜਣਾ ਯਕੀਨੀ ਬਣਾਉਣ।

- ਸਕੂਲ ਮੁੱਖੀਆਂ ਦਾ ਇਨ੍ਹਾਂ ਵਿਦਿਆਰਥੀਆਂ ਦੀਆਂ ਕਲਾਸਾਂ ਆਪ ਲੈ ਕੇ ਰੋਲ ਮਾਡਲ ਵਜੋਂ ਕੰਮ ਕਰਨਾ।

- ਸਕੂਲ ਮੁੱਖੀ ਦੁਆਰਾ ਸੱਚੇ ਮਾਰਗਦਰਸ਼ਨ ਦੀ ਪ੍ਰਦਰਸ਼ਨੀ।

- ਵਿਦਿਆਰਥੀਆਂ ਦੇ ਅਸਲ ਆਊਟ ਕੰਮਜ਼ ਨੂੰ ਘੋਸ਼ਿਤ ਕਰਨ ਲਈ ਅਧਿਆਪਕਾਂ ਨੂੰ ਪ੍ਰੇਰਿਤ ਕਰਨਾ।
- ਸਾਰੇ ਸਟੇਕ ਹੋਲਡਰਜ਼ ਦੁਆਰਾ ਵਧੀਆ ਸੰਭਾਵੀ ਨਤੀਜਿਆਂ ਲਈ ਇੱਕ ਟੀਮ ਵਜੋਂ ਕੰਮ ਕਰਨਾ।
- ਡੀ.ਐਮ./ਬੀ.ਐਮਜਾਂ ਹੋਰ ਅਧਿਆਪਕ ਦੀ ਪੂਰੇ ਸਮੇਂ ਲਈ ਸਕੂਲ ਵਿੱਚ ਮੌਜੂਦਗੀ ਨੂੰ ਸਵੇਰੇ 9.00 ਵਜੇ ਤੋਂ ਬਾਅਦ ਦੁਪਹਿਰ 3.20 ਵਜੇ ਤੱਕ ਯਕੀਨੀ ਬਣਾਉਣਾ। ਜਦੋਂ ਕਦੇ ਉਨ੍ਹਾਂ ਦੀ ਮੀਟਿੰਗ ਜਾਂ ਕੋਈ ਹੋਰ ਗਤੀਵਿਧੀ ਹੋਵੇ ਤਾਂ ਉਸ ਸਮੇਂ ਉਨ੍ਹਾਂ ਨੂੰ ਇਸ ਵਿੱਚ ਸ਼ਾਮਿਲ ਹੋਣ ਦੀ ਢਿੱਲ ਦੇਣਾ।
- ਕੋਈ ਵੀ ਨਵੀਨਤਾਮਕ ਗਤੀਵਿਧੀ ਜੋ ਕਿ ਸਕੂਲ ਵਿਦਿਆਰਥੀ ਦੇ ਸਿੱਖਣ ਪੱਧਰ ਨੂੰ ਵਧਾਉਣ ਲਈ ਹੋਵੇ, ਸਕੂਲ ਉਹ ਆਪਣੇ ਪੱਧਰ ਤੇ ਕਰਵਾ ਸਕਦੇ ਹਨ।
- ਵਿਦਿਆਰਥੀਆਂ ਦੀ ਅਕਾਦਮਿਕ ਕਾਰਗੁਜ਼ਾਰੀ ਵਿੱਚ ਸੁਧਾਰ ਲਈ ਸਟਾਫ ਦੀਆਂ ਹਫਤਾਵਾਰੀ ਰਿਵਿਊ ਮੀਟਿੰਗਾਂ ਕਰਨਾ।